# ਸਿੱਖ ਵਿਚਾਰਧਾਰਾ ਵਿੱਚ ਮੁਕਤੀ ਦਾ ਸੰਕਲਪ


**SAWRAJ SINGH**
**M.D. F.I.C.S.**
Chairman, Washington State Network for Human Rights
Chairman, Central Washington Coalition for Social Justice




ਸਿੱਖ ਵਿਚਾਰਧਾਰਾ ਵਿੱਚ ਮੁਕਤੀ ਦਾ ਸੰਕਲਪ ਹੈ ਆਪਣੇ ਜੀਵਨ ਕਾਲ ਦੇ ਵਿੱਚ ਹੀ ਆਪਣੀ ਅਸਲੀਅਤ ਅਤੇ ਆਪਣੇ ਜੀਵਨ ਦੇ ਅਸਲੀ ਮੰਤਵ ਦਾ ਗਿਆਨ ਹੋ ਜਾਣਾ, ਸਿੱਖ ਵਿਚਾਰਧਾਰਾ ਮਨੁੱਖ ਦੀ ਹੋਂਦ ਨੂੰ ਵਿਆਪਕ ਸੱਚਾਈ ਦਾ ਹਿੱਸਾ ਮੰਨਦੀ ਹੈ, ਮਨੁੱਖ ਦੀ ਅਸਲੀਅਤ ਇਹ ਹੀ ਕਿ ਉਸ ਦੇ ਅੰਦਰ ਵਿਆਪਕ ਸਚਾਈ (ਚੇਤਨਾ) ਲਘੂ ਰੂਪ ਦੇ ਵਿੱਚ ਪ੍ਰਗਟ ਹੋ ਰਹੀ ਹੈ ਪ੍ਰੰਤੂ ਆਪਣੇ ਅਗਿਆਨ ਕਾਰਨ ਮਨੁੱਖ ਇਸ ਨੂੰ ਪਹਿਚਾਣ ਨਹੀਂ ਸਕਦਾ, ਸਿੱਖ ਵਿਚਾਰਧਾਰਾ ਮਨੁੱਖ ਨੂੰ ਆਪਣੀ ਅਸਲੀਅਤ ਪਹਿਚਾਨਣ ਵਾਸਤੇ ਪ੍ਰੇਰਦੀ ਹੈ,

**ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ॥**

ਇਹ ਪ੍ਰੇਰਨਾ ਵੀ ਦਿੰਦੀ ਹੈ ਕਿ ਕਿਉਂਕਿ ਵਿਆਪਕ ਸਚਾਈ ਦਾ ਵਿਸ਼ਾਲ ਰੂਪ (ਮੈਕਰੋ ਕੌਸਮ) ਲਘੂ ਰੂਪ (ਮਾਈਕਰੋ ਕੌਸਮ) ਮਨੁੱਖ ਦੇ ਅੰਦਰ ਪ੍ਰਗਟ ਹੋ ਰਿਹਾ ਹੈ ਇਸ ਲਈ ਵਿਆਪਕ ਸਚਾਈ ਨੂੰ ਸਮਝਣ ਦੀ ਪ੍ਰਕਿਰਿਆ ਆਪਣੀ ਸਚਾਈ ਨੂੰ ਸਮਝਣ ਨਾਲ ਹੀ ਸ਼ੁਰੂ ਹੁੰਦੀ ਹੈ। ਵਿਆਪਕ ਸਚਾਈ ਦੇ ਵਿਸ਼ਾਲ ਰੂਪ ਨੂੰ ਬਾਹਰ ਜਾ ਕੇ ਸਮਝਣਾ ਕਿਸੇ ਮਨੁੱਖ ਦੇ ਜੀਵਨ ਕਾਲ ਵਿੱਚ ਸੰਭਵ ਨਹੀਂ ਹੈ, ਇਸ ਲਈ ਜੋ ਆਪਣੀ ਸਚਾਈ ਨੂੰ ਸਮਝਣ ਦੀ ਬਜਾਏ ਬਾਹਰ ਦੀ ਸਚਾਈ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਨ ਉਹ ਕੂੜ ਕਰ ਰਹੇ ਹਨ ਅਤੇ ਉਨ੍ਹਾਂ ਦੀ ਕੋਸ਼ਿਸ਼ ਬੇਕਾਰ ਜਾਂਦੀ ਹੈ,

**ਸਭ ਕਿਛੁ ਘਰ ਮਹਿ ਬਾਹਰ ਨਾਹੀ ॥**
**ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥**

ਸਿੱਖ ਵਿਚਾਰਧਾਰਾ ਇਸ ਗੱਲ ਨੂੰ ਸਪੱਸ਼ਟ ਕਰਦੀ ਹੈ ਕਿ ਮੁਕਤੀ ਮਨੁੱਖ ਦੇ ਜੀਵਨ ਕਾਲ ਵਿੱਚ ਹੀ ਸੰਭਵ ਹੈ ਅਤੇ ਜਿਸ ਨੇ ਇਹ ਮੌਕਾ ਗਵਾ ਦਿੱਤਾ ਉਸ ਨੇ ਆਪਣਾ ਅਨਮੋਲ ਜੀਵਨ ਵਿਅਰਥ ਗੁਆ ਦਿੱਤਾ।

**ਕਹੇ ਕਬੀਰੁ ਸੁਨਹੁ ਰੇ ਸੰਤਹੁ**
**ਖੇਤ ਹੀ ਕਰਹੁ ਨਿਬੇਰਾ ॥**
**ਅਬ ਕੀ ਬਾਰ ਬਖਸਿ ਬੰਦੇ**
**ਕਉ ਬਹੁਰਿ ਨ ਭਉ ਜਲਿ ਫੇਰਾ ॥**

ਸਿੱਖ ਵਿਚਾਰਧਾਰਾ ਇਹ ਸਪੱਸ਼ਟ ਕਰਦੀ ਹੈ ਕਿ ਗਿਆਨ ਹੀ ਮੁਕਤੀ ਦਾ ਸਾਧਨ ਹੈ, ਕਿਉਂਕਿ ਗਿਆਨ ਦੇ ਪ੍ਰਕਾਸ਼ ਨਾਲ ਹੀ ਮਨੁੱਖ ਆਪਣੀ ਅਸਲੀਅਤ ਅਤੇ ਆਪਣੇ ਜੀਵਨ ਦੇ ਮੰਤਵ ਨੂੰ ਸਮਝ ਸਕਦਾ ਹੈ,

**ਗਿਆਨ ਅੰਜਨੁ ਗੁਰਿ ਦੀਆ**
**ਅਗਿਆਨ ਅੰਧੇਰ ਬਿਨਾਸੁ ॥**
**ਹਰਿ ਕਿਰਪਾ ਤੇ ਸੰਤ ਭੇਟਿਆ**
**ਨਾਨਕ ਮਨਿ ਪਰਗਾਸੁ ॥**

ਅਰਥਾਤ ਗਿਆਨ ਹੀ ਉਹ ਸੁਰਮਾ ਹੈ ਜਿਸ ਨਾਲ ਅਗਿਆਨ ਦੇ ਹਨੇਰੇ ਦਾ ਨਾਸ ਹੋ ਜਾਂਦਾ ਹੈ ਅਤੇ ਮਨ ਵਿੱਚ ਚਾਨਣ ਹੋ ਜਾਂਦਾ ਹੈ। ਮਨ ਦੇ ਪਿੱਛੇ ਲਗ ਕੇ ਮਨੁੱਖ ਜਿੰਨੀਆਂ ਮਰਜ਼ੀ ਕਿਤਾਬਾਂ ਪੜ੍ਹ ਲਏ ਜਾਂ ਵੇਦਾਂ ਦੇ ਵਿਚਾਰ ਕਰ ਲਏ ਪ੍ਰੰਤੂ ਉਹ ਮਨ ਦੇ ਬੰਧਨਾਂ ਤੋਂ ਮੁਕਤ ਨਹੀਂ ਹੋ ਸਕਦਾ। ਸਿਰਫ਼ ਗਿਆਨ ਤੋਂ ਸੇਧ ਲੈ ਕੇ ਅਰਥਾਤ ਗੁਰਮੁਖ ਬਣ ਕੇ ਹੀ ਉਹ ਮੁਕਤੀ ਦੇ ਦੁਆਰੇ ਤੇ ਪਹੁੰਚ ਸਕਦਾ ਹੈ।

**ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥**
**ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥**

ਗੁਰੂ ਸ਼ਬਦ ਸੰਸਕ੍ਰਿਤ ਦੇ ਦੋ ਸ਼ਬਦਾਂ ਗੁ ਅਤੇ ਰੂ ਤੋਂ ਬਣਿਆ ਹੈ ਗੁ ਦਾ ਅਰਥ ਹੈ ਅੰਧਕਾਰ ਅਤੇ ਰੂ ਦਾ ਅਰਥ ਹੈ ਚਾਨਣ ਸੋ ਗੁਰੂ ਦਾ ਅਰਥ ਹੈ ਅੰਧਕਾਰ ਤੋਂ ਚਾਨਣ ਵਿੱਚ ਲਿਆਉਣ ਵਾਲਾ ਅਰਥਾਤ ਗਿਆਨ। ਸਿੱਖ ਵਿਚਾਰਧਾਰਾ ਸਪੱਸ਼ਟ ਕਰਦੀ ਹੈ ਕਿ ਗਿਆਨ ਤੋਂ ਬਿਨਾਂ ਮੁਕਤੀ ਸੰਭਵ ਨਹੀਂ।

**ਗੁਰ ਬਿਨੁ ਘੋਰੁ ਅੰਧਾਰੁ**
**ਗੁਰੂ ਬਿਨੁ ਸਮਝ ਨਾ ਆਵੈ॥**
**ਗੁਰ ਬਿਨੁ ਸੁਰਤਿ ਨ ਸਿਧਿ**
**ਗੁਰੂ ਬਿਨੁ ਮੁਕਤਿ ਨ ਪਾਵੈ॥**

ਗੁਰੂ ਦੇ ਦਰਸ਼ਨ ਅਰਥਾਤ ਗਿਆਨ ਦਾ ਪ੍ਰਕਾਸ਼ ਹੋਣ ਨਾਲ ਹੀ ਮਨੁੱਖੀ ਜੀਵਨ ਦਾ ਮਨੋਰਥ ਪੂਰਾ ਹੁੰਦਾ ਹੈ।

**ਦਰਸਨ ਦੇਖਿ ਜੀਵਾ ਗੁਰ ਤੇਰਾ ॥**
**ਪੂਰਨ ਕਰਮੁ ਹੋਇ ਪ੍ਰਭ ਮੇਰਾ ॥**

ਜਦੋਂ ਮਨੁੱਖ ਦੇ ਜੀਵਨ ਦਾ ਅਨੁਭਵੀ ਗਿਆਨ ਵਿਆਪਕ ਚੇਤਨਾ ਜਾਂ ਬ੍ਰਹਮ ਗਿਆਨ ਵਿੱਚ ਸਮਾਅ ਗਿਆ ਤਾਂ ਉਹ ਮਨੁੱਖ ਆਪਣੇ ਜੀਵਨ ਦਾ ਮੰਤਵ ਪੂਰਾ ਕਰਕੇ ਸੰਪੂਰਨ ਹੋ ਜਾਂਦਾ ਹੈ।

**ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥**
**ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ ॥**

ਅਜਿਹੇ ਮਨੁੱਖ ਦਾ ਜੀਵਨ ਪੂਰਣ ਸੰਤੁਲਨ ਵਾਲਾ ਹੋ ਜਾਂਦਾ ਹੈ ਤੇ ਉਹ ਵਿਆਪਕ ਸਚਾਈ ਦੇ ਤਤ ਨੂੰ ਸਮਝ ਜਾਂਦਾ ਹੈ।

**ਸੁਖ ਦੁਖੁ ਦੋਨੋ ਸਮ ਕਰ ਜਾਣੈ**
**ਅਉਰੁ ਮਾਨ ਅਪਮਾਨਾ ॥**
**ਹਰਖ ਸੋਗ ਤੇ ਰਹੈ ਅਤੀਤਾ**
**ਤਿਨਿ ਜਗਿ ਤਤੁ ਪਛਾਨਾ ॥**

ਸਿੱਖ ਵਿਚਾਰਧਾਰਾ ਵਿੱਚ ਮੁਕਤੀ ਜੀਵਨ ਦੀ ਸਮੁੱਚਤਾ ਨਾਲੋਂ ਟੁੱਟ ਕੇ ਨਹੀਂ ਦੇਖੀ ਗਈ ਸਗੋਂ ਜੀਵਨ ਦੀ ਸਮੁੱਚਤਾ ਵਿੱਚ ਹੀ ਦੇਖੀ ਗਈ ਹੈ।

**ਰਾਜ ਨ ਚਾਹਉ ਮੁਕਤਿ ਨ ਚਾਹਉ**
**ਮਨਿ ਪ੍ਰੀਤਿ ਚਰਨ ਕਮਲਾਰੇ ॥**

ਕੀ ਇਸ ਦਾ ਅਰਥ ਇਹ ਕਢੀਏ ਕਿ ਮਨੁੱਖ ਨੂੰ ਮੁਕਤੀ ਦੀ ਲੋੜ ਨਹੀਂ ? ਪ੍ਰੰਤੂ ਗੁਰਬਾਣੀ ਵਿੱਚ ਹੀ ਸਪੱਸ਼ਟ ਕੀਤਾ ਗਿਆ ਹੈ।

**ਨਾਨਕ ਸਤਿਗੁਰਿ ਭੇਟੀਐ ਪੂਰੀ ਹੋਵੈ ਜੁਗਤਿ॥**
**ਹਸੰਦਿਆ ਖੇਲੰਦਿਆ ਪੈਨੰਦਿਆ**
**ਖਾਵੰਦਿਆ ਵਿਚੇ ਹੋਵੈ ਮੁਕਤਿ ॥**

ਸਪੱਸ਼ਟ ਹੈ ਕਿ ਸਿੱਖ ਵਿਚਾਰਧਾਰਾ ਜੀਵਨ ਦੀ ਸਮੁੱਚਤਾ ਨਾਲੋਂ ਟੁੱਟੀ ਹੋਈ ਮੁਕਤੀ ਨੂੰ ਨਹੀਂ ਸਵਿਕਾਰਦੀ ਸਗੋਂ ਜੀਵਨ ਦੀ ਸਮੁੱਚਤਾ ਵਿੱਚ ਹੀ ਮੁਕਤ ਹੋਣ ਦਾ ਸੁਨੇਹਾ ਦਿੰਦੀ ਹੈ। ਮਨੁੱਖ ਆਪਣੀਆਂ ਸਮਾਜਿਕ ਅਤੇ ਪਰਿਵਾਰਿਕ ਜ਼ਿੰਮੇਵਾਰੀਆਂ ਨਿਭਾਉਂਦਾ ਹੋਇਆ ਹੀ ਮੁਕਤ ਹੋ ਸਕਦਾ ਹੈ ਨਾ ਕਿ ਉਨ੍ਹਾਂ ਤੋਂ ਭੱਜ ਕੇ ਜਿਸ ਤਰ੍ਹਾਂ ਚਿਕੜ ਵਿੱਚ ਰਹਿ ਕੇ ਵੀ ਕਮਲ ਦਾ ਫੁਲ ਉਸ ਤੋਂ ਨਿਰਲੇਪ ਰਹਿੰਦਾ ਹੈ ਇਸੇ ਤਰ੍ਹਾਂ ਸੰਸਾਰ ਦੀ ਕਾਲਖ ਵਿੱਚ ਵਿਚਰਦਿਆਂ ਹੋਇਆਂ ਵੀ ਗਿਆਨਵਾਨ ਮਨੁੱਖ ਉਸ ਤੋਂ ਨਿਰਲੇਪ ਰਹਿੰਦਾ ਹੈ ਅਤੇ ਮੁਕਤ ਹੋ ਜਾਂਦਾ ਹੈ।

**ਜੀਵਤ ਮਰੈ ਮਰੈ ਫੁਨਿ ਜੀਵੈ**
**ਐਸੇ ਸੁੰਨਿ ਸਮਾਇਆ ॥**
**ਅੰਜਨ ਮਾਹਿ ਨਿਰੰਜਨਿ ਰਹੀਐ**
**ਬਹੁੜਿ ਨ ਭਵਜਲਿ ਪਾਇਆ ॥**

ਜੋ ਮਨੁੱਖ ਜਿਉਂਦਿਆਂ ਹੀ ਅਗਿਆਨ ਅਤੇ ਹਉਮੈ ਨੂੰ ਮਾਰ ਦਿੰਦਾ ਹੈ ਉਹ ਮਰ ਕੇ ਵੀ ਜਿਉਂਦਾ ਹੈ ਅਤੇ ਵਿਆਪਕ ਸਚਾਈ ਵਿੱਚ ਸਮਾਅ ਜਾਂਦਾ ਹੈ, ਅਜਿਹਾ ਮਨੁੱਖ ਸੰਸਾਰ ਦੀ ਕਾਲਖ ਵਿੱਚ ਰਹਿ ਕੇ ਵੀ ਉਸ ਤੋਂ ਨਿਰ-ਲੇਪ ਹੈ ਅਤੇ ਮੁੜ ਅਗਿਆਨ ਦੀ ਘੁੰਮਣ ਘੇਰੀ ਵਿੱਚ ਨਹੀਂ ਪੈਂਦਾ। ਅਜਿਹਾ ਮਨੁੱਖ ਆਪ ਵੀ ਮੁਕਤ ਹੈ ਤੇ ਸੰਸਾਰ ਨੂੰ ਵੀ ਮੁਕਤ ਕਰਦਾ ਹੈ। ਉਹ ਸਲਾਹੁਣਯੋਗ ਹੈ,

**ਆਪਿ ਮੁਕਤ ਮੁਕਤੁ ਕਰੈ ਸੰਸਾਰੁ ॥**
**ਨਾਨਕ ਤਿਸ ਜਨ ਕਉ ਸਦਾ ਨਮਸਕਾਰ ॥**

*****


**ਕੇਸਰ ਸਿੰਘ ਰਾਮਪੁਰੀ**




# ਪੰਜਾਬ ਫੇਰੀ

ਅੱਜ ਦੇ ਪੰਜਾਬ ਦਾ ਪਹਿਲੇ ਪੰਜਾਬ ਨਾਲੋਂ ਬਹੁਤ ਅੰਤਰ ਹੈ। ਜੂਨ 84 ਤੋਂ ਪੰਜਾਬ ਵਿੱਚ ਕਾਫ਼ੀ ਅਸ਼ਾਂਤੀ ਦਾ ਮਾਹੌਲ ਰਿਹਾ। 86 ਵਿੱਚ ਮੇਰਾ ਘਰ ਛੁੱਟ ਗਿਆ ਸੀ ਤੇ ਬੈਠਣ ਅਤੇ ਟਰੰਕ ਰੱਖਣ ਵਾਸਤੇ ਇਕ ਹੀ ਕਮਰਾ ਬਚਿਆ ਸੀ। ਇਕ ਰਸੋਈ ਸੀ ਉਸ ਉੱਤੇ ਪਿਆ ਲੈਂਟਰ ਵੀ ਥਾਂ ਥਾਂ ਤੋਂ ਤਿੜਕ ਗਿਆ ਸੀ।

ਬਾਕੀ ਸਾਰਾ ਘਰ ਹੀ ਡਿੱਗਣ-ਡਿੱਗਣ ਕਰ ਰਿਹਾ ਸੀ। ਮੇਰੇ ਲਈ ਉਹ ਸਮਾਂ ਬੜਾ ਉਦਾਸੀ ਵਾਲਾ ਸੀ ਕਿਉਂਕਿ ਪਹਿਲਾਂ ਜਦ ਇੰਗਲੈਂਡ ਤੋਂ ਘਰ ਪੰਜਾਬ ਆਉਂਦਾ ਸੀ ਤਾਂ ਮਾਤਾ ਪਿਤਾ ਨੂੰ ਮਿਲਣ ਦਾ ਚਾਅ ਹੁੰਦਾ ਸੀ। ਦਿਲ ਪਿਆਰ ਵਿੱਚ ਗੜੁੱਚ ਹੁੰਦਾ ਸੀ। ਮਾਤਾ ਪਿਤਾ ਦੇ ਮਿਲਣ ਦੀ ਸਿਕ ਹੋਰ ਪਰਵਲ ਹੋ ਉੱਠਦੀ ਸੀ ਜਦ ਪਿੰਡ ਅਤੇ ਪਿੰਡ ਦੇ ਹਾਣੀਆਂ ਨੂੰ ਮਿਲਣ ਦੀ ਸਿਕ ਦਿਲ ਵਿੱਚ ਅੰਗੜਾਈਆਂ ਲੈਂਦੀ ਸੀ। ਦਿਲ ਕਰਦਾ ਉੱਡ ਕੇ ਮਿੱਤਰ ਪਿਆਰਿਆਂ ਨੂੰ ਧਾ, ਗਲਵਕੜੀ ਵਿੱਚ ਲੈ ਲਈਏ।

ਥੋੜ੍ਹਾ ਥੋੜ੍ਹਾ ਹੋ ਕੇ ਤੇ ਦੇਰ ਬਾਅਦ ਮਿਲਣ ਦੀ ਕੀਮਤ ਨੂੰ ਹਰ ਇਕ ਐਰਾ ਗੈਰਾ ਨਹੀਂ ਮਹਿਸੂਸਦਾ। ਸੂਖਮ ਅਤੇ ਕੋਮਲ ਹਿਰਦਿਆਂ ਵਾਲੇ ਵਿਅਕਤੀ ਹੀ ਇਸ ਅਵਸਥਾ ਨੂੰ ਸਮਝਦੇ ਹਨ। 86 ਵਿੱਚ ਪੰਜਾਬ ਦਾ ਵਾਤਾਵਰਣ ਵੀ ਬੜਾ ਅਸ਼ਾਂਤ ਅਤੇ ਹਫੜਾ ਦਫੜੀ ਵਾਲਾ ਸੀ। ਚਾਰ ਮਹੀਨੇ ਲਾ ਕੇ ਮੈਂ ਚਾਰ ਬੈੱਡ ਰੂਮ ਵਾਲਾ ਘਰ ਖੜ੍ਹਾ ਕਰ ਲਿਆ ਸੀ। ਇਕ ਕਨਾਲ ਦਾ ਪਲਾਟ ਜੋ ਪਿਤਾ ਨੇ ਲੈ ਰੱਖਿਆ ਸੀ। ਉਸ ਥਾਂ ਤੇ ਮਕਾਨ ਪਾ ਕੇ ਮੇਰੇ ਸਿਰ ਉੱਤੋਂ ਮਣਾਂ ਮੂੰਹੀਂ ਭਾਰ ਲੱਥ ਗਿਆ ਸੀ ਤੇ ਮੈਂ ਤੇ ਮੇਰੇ ਘਰ ਵਾਲੀ ਖੁਸ਼ ਸਾਂ। ਸਾਲ ਜਾਂ ਡੇਢ ਸਾਲ ਬਾਅਦ ਗੇੜਾ ਵੱਜ ਹੀ ਜਾਂਦਾ ਸੀ।

ਦਸ ਕੁ ਸਾਲ ਮਗਰੋਂ ਮੇਰੇ ਛੋਟੇ ਭਰਾ ਗੁਰਦੇਵ ਸਿੰਘ ਲੱਲੀ ਨੇ ਵੀ ਕੋਠੀ ਪਾ ਲਈ। ਇਸ ਤਰ੍ਹਾਂ ਸਾਡੇ ਸਬੰਧ ਪੰਜਾਬ ਨਾਲ ਕੁਝ ਹੋਰ ਗੂੜ੍ਹੇ ਹੋਣ ਲੱਗੇ। ਪਿੰਡ ਵਾਲੇ ਖੇਤਾਂ ਵਿੱਚ ਅਸੀਂ ਪਾਪੂਲਰ ਲਾਉਣ ਲੱਗੇ। 20 ਜਨਵਰੀ 10 ਨੂੰ ਗੁਰਦੇਵ ਪਾਪੂਲਰ ਲਾਣ ਵਾਸਤੇ ਪਿੰਡ ਚਲਾ ਗਿਆ। 7 ਮਾਰਚ 10 ਨੂੰ ਅਸੀਂ ਦੋਵੇਂ ਜਣੇ ਪਿੰਡ ਅੱਪੜ ਗਏ। 10 ਮਾਰਚ ਨੂੰ ਅਸੀਂ ਹਵੇਲੀ ਰੋਟੀ ਖਾਣ ਲਈ ਗਏ। ਕਾਰ ਅਸੀਂ ਕਾਰ ਪਾਰਕ ਵਿੱਚ ਖੜ੍ਹੀ ਕੀਤੀ ਤੇ ਹਵੇਲੀ ਦੇ ਮੁੱਖ ਦਰਵਾਜ਼ੇ ਤੇ ਦਸਤਕ ਦਿੱਤੀ। ਉਸ ਮੁੱਖ ਦਰਵਾਜ਼ੇ ਉੱਤੇ ਇਕ ਛੇ ਫੁੱਟ ਉੱਚਾ ਜੁਆਨ ਹੱਥ ਵਿੱਚ ਸੱਤ ਫੁੱਟ ਡਾਂਗ ਲੈ ਕੇ ਖੜ੍ਹਾ ਸੀ। ਕਲੀਆਂ ਵਾਲਾ ਲਾਲ ਅਤੇ ਰੰਗੀਨ ਚਮਕਣਾ ਕੁੜਤਾ ਤੇ ਤੁਰਲੇ ਵਾਲੀ ਪੋਚਵੀਂ ਪੱਗ। ਉਸ ਨੇ ਸਾਡੇ ਸੁਆਗਤ ਵਜੋਂ ਥੋੜ੍ਹੀ ਝੁਕ ਕੇ ਨਮਸਕਾਰ ਕੀਤੀ। ਜਾਣੋਂ ਆਖ ਰਿਹਾ ਹੋਵੇ ਜੀਅ ਆਇਆਂ ਨੂੰ। ਅਸੀਂ ਚਾਰ ਤਰਫ਼ ਦੇ ਨਜ਼ਾਰੇ ਵੇਖਦੇ ਇਕ ਵੱਡੇ ਸਾਰੇ ਟੇਬਲ ਉੱਤੇ ਬੈਠ ਗਏ ਦੋ ਤਿੰਨ, ਉਸੇ ਰੂਪ ਵਿੱਚ ਜੁਆਨਾਂ ਨੇ ਸਾਡਾ ਸੁਆਗਤ ਕੀਤਾ ਅਤੇ ਠੰਡੀਆਂ ਬੋਤਲਾਂ ਦਾ ਪਾਣੀ ਸਾਡੇ ਅੱਗੇ ਆਣ ਰੱਖਿਆ। ਪਿੰਡਾਂ ਵਿੱਚ ਤਾਂ ਅੱਜ ਕਲ੍ਹ ਮਾੜੇ-ਮਾੜੇ ਤੇ ਲਿੱਸੇ ਲਿੱਸੇ ਮੁੰਡੇ ਕੁੜੀਆਂ ਹਨ। ਹਰਨੇਕ ਨੂੰ ਸੰਬੋਧਨ ਹੋ ਕੇ ਬੋਲਿਆ ਰਾਮਪੁਰੀ ਜੀ ਇਹ ਪੰਜਾਬੀ ਨਹੀਂ !! ਹੈਂ ? ਤਾਂ ਇਹ ਹੋਰ ਕੌਣ ? ਇਹ ਬਾਹਰਲੇ ਸੂਬਿਆਂ ਤੋਂ ਆ ਕੇ ਨੌਕਰੀ ਕਰਦੇ ਆਂ!! ਇਹਨਾਂ ਨੂੰ ਹੋਰ ਕਿਤੇ ਕੰਮ ਨਹੀਂ ਮਿਲਦਾ ਤੇ ਪੰਜਾਬ ਆ ਕੇ ਇਹ ਝੱਟ ਨੌਕਰੀ ਲੱਭ ਲੈਂਦੇ ਆ। ਪੰਜਾਬ ਦੇ ਜੱਟਾਂ ਦੇ ਪੁੱਤ ਤਾਂ ਕੰਮ ਨੂੰ ਹੱਥ ਨਹੀਂ ਲਾਉਂਦੇ। ਪੰਜਾਬ ਵਿੱਚ ਕੰਮ ਬਹੁਤ ਹੈ। ਇਥੇ ਤਾਂ ਮਜ਼ਦੂਰ ਅਤੇ ਕਾਰੀਗਰ ਨਹੀਂ ਮਿਲਦੇ।

ਹਵੇਲੀ ਦੇ ਇਕ ਛੋਟੇ ਜਿਹੇ ਥਾਂ ਵਿੱਚ ਧਨੀ ਰਾਮ ਚਾਤ੍ਰਿਕ ਲਿਖਣ ਤਖ਼ਤੀ ਤੇ ਹੱਥ ਵਿੱਚ ਕਲਮ ਫੜੀ ਕਵਿਤਾ ਲਿਖ ਰਿਹਾ ਹੈ। ਦੂਜੇ ਪਾਸੇ ਕੁੜੀਆਂ ਦਾ ਝੁੰਡ ਚਰਖਿਆਂ ਦੀਆਂ ਗੂੰਜਾਂ ਵਿੱਚ ਗੀਤ ਗਾਉਂਦੀਆਂ ਸਮੁੱਚ ਜੀਵਤ ਲੱਗ ਰਹੀਆਂ ਸਨ। ਇਉਂ ਜਾਪਦਾ ਸੀ ਕਿ ਇਹ ਹੁਣੇ ਉੱਠ ਕੇ ਗਿੱਧੇ ਦਾ ਪਿੜ ਬੰਨ੍ਹ ਲੈਣਗੀਆਂ। ਗੱਡੇ ਅੱਗੇ ਬਲਦਾਂ ਦੀ ਜੋੜੀ। ਲਾਗੇ ਹੀ ਚੱਕੀ ਪੀਂਹਦੀ ਜੱਟੀ ਤੇ ਮੋਢੇ ਤੇ ਕਹੀ ਰੱਖੀ ਕਰਤਾਰ ਕਿਆਰੇ ਮੋੜਦਾ ਸੱਚਮੁੱਚ ਖੇਤਾਂ ਦਾ ਰਾਖਾ ਜੱਟ ਜਾਪਦਾ ਸੀ। ਰੋਟੀ ਖਾ ਕੇ ਅਸੀਂ ਨਾਲ ਹੀ ਲਗਦੇ ਅਹਾਤੇ ਵਿੱਚ ਰੰਗਲਾ ਪੰਜਾਬ ਵਿੱਚ ਗੀਤ ਸੰਗੀਤ ਦੀ ਝੜੀ ਲੱਗੀ ਹੋਈ ਸੀ। ਵੱਖਰੇ ਵੱਖਰੇ ਅੰਦਾਜ਼ ਵਿੱਚ ਕਲਾਕਾਰ ਸਟੇਜ 'ਤੇ ਆਉਂਦੇ। ਪੇਸ਼ਕਾਰੀ ਕਰਕੇ ਬਦਲ ਜਾਂਦੇ। ਬੜਾ ਖ਼ੂਬਸੂਰਤ ਦ੍ਰਿਸ਼ ਅੱਖੀਆਂ ਵੇਖ ਵੇਖ ਨਹੀਂ ਸਨ ਰੱਜਦੀਆਂ। ਗੁਰਦਾਸ ਮਾਨ ਦਾ ਗੀਤ ਚਲ ਰਿਹਾ ਸੀ। "ਜਿਸ ਦੇਸ਼ ਦਾ ਖਾਈਏ, ਉਹਦਾ ਬੁਰਾ ਨਹੀਂ ਮੰਗੀਦਾ। ਇਸੇ ਤਰ੍ਹਾਂ ਅਸੀਂ ਰੋਜ਼ ਹੀ ਕਿਤੇ ਨਾ ਕਿਤੇ ਚਲੇ ਜਾਣਾ। ਅੱਜ ਅਸੀਂ ਗੋਲਡਨ ਟੈਂਪਲ, ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਸਵੇਰੇ ਚਾਰ ਵਜੇ ਕਾਰ ਤੇ ਘਰੋਂ ਵੇਲੇ ਸਿਰ ਨਿਕਲ ਤੁਰੇ। ਸਾਡੇ ਪਿੰਡ ਤੋਂ ਤੁਰੇ ਤਾਂ ਜੀ ਟੀ ਰੋਡ ਸਾਰਾ ਹੀ ਪਟਿਆ ਪਿਆ ਸੀ। ਥਾਂ ਪੁਰ ਥਾਂ ਟਰੈਫ਼ਿਕ ਜਾਮ। ਸਾਡੇ ਚਹੇੜੂ ਵਾਲੇ ਪੁਲ ਦੇ ਲਾਗੇ ਇਕ ਬੱਸ ਤੇ ਟਰੱਕ ਦੀ ਟੱਕਰ। ਬੱਸ ਦੀਆਂ ਅੱਧੀਆਂ ਸੀਟਾਂ ਟੁੱਟੀਆਂ ਪਈਆਂ ਸਨ ਅਤੇ ਟਰੱਕ ਦੇ ਚਾਰੇ ਵੀਲ ਅਸਮਾਨ ਵੱਲ ਝਾਕ ਰਹੇ ਸਨ। ਕਰਤਾਰਪੁਰ ਤੋਂ ਬਿਆਸ, ਬਿਆਸ ਤੋਂ ਗੁਰੂ ਕਾ ਜੰਡਿਆਲਾ, ਹਰਿਮੰਦਰ ਸਾਹਿਬ ਵਾਲਾ ਸਕਾਈ ਬਰਿਜ ਅਜੇ ਖੁੱਲ੍ਹਾ ਨਹੀਂ ਸੀ। ਬੱਸ ਛੇਤੀ ਖੁੱਲ੍ਹ ਜਾਵੇਗਾ। ਕਾਰ, ਕਾਰ ਪਾਰਕ ਵਿੱਚ ਖੜ੍ਹੀ ਕਰਕੇ ਅਸੀਂ ਜੋੜੇ ਘਰ ਵਿੱਚ ਕੁਝ ਸਮਾਨ ਜੋੜਿਆ ਸਮੇਤ ਰੱਖ ਕੇ ਮੇਨ ਗੇਟ ਵਿੱਚੋਂ ਲੰਘ ਕੇ ਹਰਿਮੰਦਰ ਸਾਹਿਬ ਦੇ ਜਾ ਦਰਸ਼ਨ ਕੀਤੇ। ਗੋਲਡਨ ਟੈਂਪਲ ਸੂਰਜ ਦੀ ਰੋਸ਼ਨੀ ਵਿੱਚ ਚਮਕ ਰਿਹਾ ਸੀ। ਵੇਖ ਕੇ ਦਿਲ ਨੂੰ ਇਕ ਪ੍ਰੇਮ ਅਤੇ ਪਿਆਰੇ ਦੀ ਧੂਹ ਜਿਹੀ ਪਈ ਤੇ ਮੱਲੋ ਮਲੀ ਸਿਰ ਝੁਕ ਗਿਆ। ਅੱਖੀਆਂ ਦੇ ਕੋਏ ਮੁੰਦੇ ਗਏ। ਗੁਰੂ ਰਾਮਦਾਸ ਅਤੇ ਦੱਸਾਂ ਗੁਰੂਆਂ ਦੇ ਸਰੂਪ ਅੰਤਰ ਆਤਮਾ ਵਿੱਚ ਜਗਣ ਲੱਗੇ। ਸੁਬਾਹ ਸੁਬਾਹ ਸ਼ਬਦ ਚਲ ਰਿਹਾ ਸੀ। ਰਾਮਦਾਸ ਸਰੋਵਰ ਨਾਤੇ, ਸਭ ਉਤਰੇ ਪਾਪ ਕਮਾਤੇ। ਬਾਬਾ ਦੀਪ ਸਿੰਘ ਦਾ ਬੁੰਗਾ ਅਤੇ ਹੋਰ ਇਤਿਹਾਸਕ ਥਾਵਾਂ ਤੇ ਨਿਗਾਹ ਤੇ ਨਜ਼ਰ ਮਾਰਦੇ ਅੱਗੇ ਤੇ ਹੋਰ ਅੱਗੇ ਪਰਕਰਮਾ ਵਲ ਵਧ ਰਹੇ ਸੀ। ਇਸ਼ਨਾਨ ਕਰਕੇ ਅਸੀਂ ਲੰਗਰ ਹਾਲ ਵਲ ਚਲ ਪਏ। ਸੰਗਤਾਂ ਦਾ ਹੜ੍ਹ ਦੇਖਦਿਆਂ ਦੇਖਦਿਆਂ ਸੰਗਤਾਂ ਦਾ ਹਜੂਮ ਬਾਹਰ ਆਇਆ। ਝੱਟ ਸਫ਼ਾਈ ਵਾਲੀਆਂ ਮਸ਼ੀਨਾਂ ਆ ਗਈਆਂ। ਕੁਝ ਹੀ ਮਿੰਟਾਂ ਵਿੱਚ ਹਾਲ ਦੀ ਸਫ਼ਾਈ ਇਸ ਤਰ੍ਹਾਂ ਹੋ ਗਈ ਕਿ ਤੁਸੀਂ ਹੈਰਾਨ ਹੋਏ ਬਿਨਾ ਨਹੀਂ ਰਹਿ ਸਕਦੇ।